**Directorate Of Education, GNCT Of Delhi**

**Practice Paper**

**Session-2023-24**

**Class-VIII**

**Subject-Punjabi**

**Time: 2 ½ hrs** **M.M- 60**

| **ਆਮ ਨਿਰਦੇਸ਼** |
|---|
| ❖ ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ।<br>❖ ਹਰੇਕ ਭਾਗ ਨੂੰ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਹਲ ਕਰਨ ਦਾ ਯਤਨ ਕਰੋ।<br>❖ ਬਹੁਵਿਕਲਪੀ ਪ੍ਰਸ਼ਨਾਂ ਦੇ ਵਿਕਲਪ ਨੰਬਰ ਨਾਲ ਉਹਨਾਂ ਦੇ ਉੱਤਰ ਵੀ ਲਿਖੋ। |

| **ਪ੍ਰਸ਼ਨ** | **ਭਾਗ-ੳ (ਪੜ੍ਹਨ ਕੌਸ਼ਲ)** | **ਅੰਕ** |
|---|---|---|
| 1. | ਹੇਠ ਲਿਖੇ ਅਣਡਿੱਠੇ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।<br>ਸਾਡੇ ਦੇਸ਼ ਦੇ ਹਲਾਤਾਂ ਦਾ ਸਾਡੇ ਜੀਵਨ ਉੱਤੇ ਅਸਰ ਪੈਂਦਾ ਹੈ। ਜੇਕਰ ਦੇਸ਼ ਖੁਸ਼ਹਾਲ ਹੈ ਤਾਂ ਅਸੀਂ ਖੁਸ਼ਹਾਲ ਹਾਂ ਜੇਕਰ ਦੇਸ਼ ਸੰਕਟ ਵਿੱਚ ਹੈ ਤਾਂ ਅਸੀਂ ਵੀ ਸੰਕਟ ਵਿੱਚ ਹੋਵਾਂਗੇ। ਇਸ ਲਈ ਹਰੇਕ ਦੇਸ਼ ਵਾਸੀ ਲਈ ਦੇਸ਼-ਪਿਆਰ ਜ਼ਰੂਰੀ ਹੈ। ਜਿਹਨਾਂ ਲੋਕਾਂ ਦੇ ਦਿਲ ਵਿੱਚ ਦੇਸ਼-ਪਿਆਰ ਨਹੀਂ ਹੁੰਦਾ,ਉਹ ਗੁਲਾਮ ਹੀ ਰਹਿੰਦੇ ਹਨ। ਦੇਸ਼-ਪਿਆਰ ਦੀ ਭਾਵਨਾ ਬਿਨਾਂ ਦੇਸ਼ ਦੀ ਉੱਨਤੀ ਸੰਭਵ ਨਹੀਂ ਹੈ।<br>ੳ. ਸਾਡੇ ਜੀਵਨ ਉੱਤੇ ਕਿਸਦਾ ਅਸਰ ਪੈਂਦਾ ਹੈ?<br>ਅ. ਦੇਸ਼ ਦੇ ਸੰਕਟ ਵਿੱਚ ਹੋਣ ਨਾਲ ਕੀ ਹੋਵੇਗਾ?<br>ੲ. ਹਰੇਕ ਦੇਸ਼ ਵਾਸੀ ਲਈ ਕੀ ਜ਼ਰੂਰੀ ਹੈ?<br>ਸ. ਕਿਹੜੇ ਲੋਕ ਗੁਲਾਮ ਰਹਿੰਦੇ ਹਨ?<br>ਹ. ਦੇਸ਼ ਦੀ ਉੱਨਤੀ ਕਿਵੇਂ ਸੰਭਵ ਹੈ? | 2x5=10 |
| | **ਭਾਗ- ਅ (ਵਿਆਕਰਨ)** | |
| 2. | ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਲਿਖੋ। (ਕੋਈ ਦਸ)<br>ੳ. 'ਖੇਡ' ਸ਼ਬਦ ਦਾ ਹੇਠ ਲਿਖੇ ਅਨੁਸਾਰ ਸਹੀ ਵਚਨ ਬਦਲੋ।<br>i) ਖਿਡਾਰੀ ii) ਖੇਡਣਾ<br>iii) ਖੇਡੇ iv) ਖੇਡਾਂ | 1x10=10 |

DoE Delhi

ਅ. 'ਵੱਡਾ' ਸ਼ਬਦ ਦਾ ਹੇਠ ਲਿਖੇ ਅਨੁਸਾਰ ਸਹੀ ਇਸਤਰੀਲਿੰਗ ਸ਼ਬਦ ਚੁਣੋ।

i) ਵੱਡੇ ii) ਵੱਡੀ

iii) ਵਡੇਰੇ iv) ਵੱਡੀਆਂ

ੲ. 'ਜ਼ਮੀਨ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ।

i) ਜਾਇਦਾਦ ii) ਜ਼ਮੀਨਾਂ

iii) ਅਸਮਾਨ iv) ਪਤਾਲ

ਸ. ਹੇਠ ਲਿਖੇ ਅਨੁਸਾਰ ਸਹੀ ਤਰਤੀਬ ਵਾਲਾ ਵਾਕ ਚੁਣੋ।

i) ਛੋਟਾ ਚੀਕਾਂ ਮਾਰਨ ਲੱਗ ਪਿਆ।

ii) ਮਾਰਨ ਲੱਗ ਪਿਆ ਛੋਟਾ ਚੀਕਾਂ।

iii) ਚੀਕਾਂ ਲੱਗ ਪਿਆ ਮਾਰਨ ਛੋਟਾ।

iv) ਚੀਕਾਂ ਮਾਰਨ ਲੱਗ ਪਿਆ ਛੋਟਾ।

ਹ. ਚੰਗੇ ਆਚਰਨ ਵਾਲੇ ਨੂੰ ਕੀ ਆਖਦੇ ਹਨ?ਹੇਠ ਦਿੱਤੇ ਵਿਕਲਪਾਂ ਅਨੁਸਾਰ ਚੁਣੋ।

i) ਚੰਗਾ ii) ਸਦਾਚਾਰੀ

iii) ਦੁਰਾਚਾਰੀ iv) ਮਿਹਨਤੀ

ਕ. ਹੇਠ ਲਿਖੇ ਸ਼ਬਦਾਂ ਵਿੱਚੋਂ ਆਮ ਨਾਂਵ ਚੁਣੋ।

i) ਦਰਵਾਜ਼ਾ ii) ਭਗਤ ਸਿੰਘ

iii) ਇੰਗਲੈਂਡ iv) ਗੁਲਾਬ

ਖ.ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਪੜਨਾਂਵ ਹੈ?

i) ਕੁੜੀ ii) ਬਿਹਾਰ

iii) ਕੰਨਾ iv) ਤੂੰ

ਗ. ਵਿਸ਼ੇਸ਼ਣ ਕਿਸਨੂੰ ਆਖਦੇ ਹਨ?ਹੇਠ ਦਿੱਤੇ ਅਨੁਸਾਰ ਚੁਣੋ।

i) ਨਾਂਵ ਅਤੇ ਪੜਨਾਂਵ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦ ਨੂੰ।

ii) ਨਾਂਵ ਅਤੇ ਪੜਨਾਂਵ ਦੀ ਕਿਸਮ ਦੱਸਣ ਵਾਲੇ ਸ਼ਬਦ ਨੂੰ।

iii) ਨਾਂਵ ਅਤੇ ਪੜਨਾਂਵ ਦੀ ਗਤੀ ਦੱਸਣ ਵਾਲੇ ਸ਼ਬਦ ਨੂੰ।

iv) ਨਾਂਵ ਅਤੇ ਪੜਨਾਂਵ ਦੇ ਨਾਲ ਵਰਤੇ ਜਾਂਦੇ ਸ਼ਬਦ ਨੂੰ।

ਘ. ਬੀਬਾ ਨੇ ਪੈੱਨ ਮੰਗਵਾਇਆ। ਵਾਕ ਵਿੱਚ ਕਿਹੜਾ ਕਾਰਕ ਹੈ?

i) ਅਧਿਕਰਨ ii) ਸੰਬੋਧਨ

iii) ਕਰਤਾ iv) ਸੰਬੰਧ

DoE, Delhi

| | | |
|---|---|---|
| | ਙ. ਹੇਠ ਦਿੱਤੇ ਗਏ ਵਿਸਰਾਮ ਚਿਨ੍ਹਾਂ ਵਿੱਚੋਂ ਕਿਹੜਾ ਪ੍ਰਸ਼ਨ ਚਿਨ੍ਹ ਹੈ?<br>i) ------ ii) ।<br>iii) ? iv) =<br>ਚ. ਹੇਠ ਲਿਖੇ ਅਨੁਸਾਰ ਕਿਹੜੇ ਵਾਕ ਦੀ ਸਹੀ ਤਰਤੀਬ ਨਹੀਂ ਹੈ।<br>i) ਮੈਂ ਪੰਜਾਬੀ ਪੜ੍ਹਦਾ ਹਾਂ।<br>ii) ਢੋਲ ਦੀ ਅਵਾਜ਼ ਆ ਰਹੀ ਹੈ।<br>iii) ਸਾਡੇ ਘਰ ਇੱਕ ਰੁੱਖ ਹੈ ਨਿੰਮ ਦਾ।<br>iv) ਤੁਸੀਂ ਕਿੱਥੇ ਗਏ ਸੀ?<br>ਛ. ਘੋੜਾ ਤੇਜ਼ ਦੌੜਦਾ ਹੈ। ਵਾਕ ਵਿੱਚ ਵਿਸ਼ੇਸ਼ਣ ਚੁਣੋ।<br>i) ਘੋੜਾ ii) ਤੇਜ਼<br>iii) ਦੌੜਦਾ iv) ਹੈ | |
| | **ਭਾਗ- ੲ (ਲਿਖਣ ਕੌਸ਼ਲ)** | |
| 3. | ਕਿਸੇ ਇੱਕ ਵਿਸ਼ੇ ਉੱਤੇ ਪੰਜ ਸਤਰਾਂ ਵਿੱਚ ਲੇਖ ਲਿਖੋ।<br>ਕੋਈ ਇੱਕ ਰਾਸ਼ਟਰੀ ਤਿਉਹਾਰ<br>ਜਾਂ<br>ਸਮੇਂ ਦਾ ਮਹੱਤਵ | 5 |
| 4. | ਆਪਣੇ ਸਕੂਲ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।<br>ਜਾਂ<br>ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ। | 5 |
| 5. | ਹੇਠ ਦਿੱਤੇ ਸ਼ਬਦਾਂ ਦੀ ਸਹਾਇਤਾ ਨਾਲ ਪੰਜ ਸਤਰਾਂ ਵਿੱਚ ਚਿੱਤਰ ਦਾ ਵਰਨਣ ਕਰੋ।<br>( ਬੱਚੇ, ਕੰਪਿਊਟਰ, ਕੁਰਸੀਆਂ,ਖੜੇ, ਕਿਤਾਬਾਂ, ਅਲਮਾਰੀਆਂ, ਬੈਠੇ, ਪੜ੍ਹਦੇ, ਮੇਜ਼, ਦੇਖਦੇ, ਚੁੱਪ-ਚਾਪ ) | 5 |

DoE Delhi

| | | |
|---|---|---|
| | <br>**ਨੋਟ - ਇਹ ਪ੍ਰਸ਼ਨ ਕੇਵਲ ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਹੈ।**<br>ਬੱਚਿਆਂ ਨੂੰ ਪਾਰਕ ਵਿੱਚ ਖੇਡਣਾ ਕਿਉਂ ਪਸੰਦ ਹੁੰਦਾ ਹੈ? ਇਸ ਬਾਰੇ ਪੰਜ ਸਤਰਾਂ ਲਿਖੋ। | |
| | **ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ)** | |
| 6. | ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਦਿਉ। (ਕੋਈ ਪੰਜ)<br>ਓ. ਗੋਪੀ ਕੀ ਖਾ ਰਿਹਾ ਸੀ?<br>i) ਰੋਟੀ ii) ਕੁਲਫ਼ੀ<br>iii) ਮੂੰਗਫਲੀ iv) ਬਦਾਮ<br>ਅ. ਅਰੂਨਿਮਾ ਸਿਨਹਾ ਦਾ ਜਨਮ ਕਿੱਥੇ ਹੋਇਆ?<br>i) ਉੱਤਰ ਪ੍ਰਦੇਸ਼ ii) ਬਿਹਾਰ<br>iii) ਬੰਗਾਲ iv) ਪੰਜਾਬ<br>ੲ. ਅਕਬਰ ਨੂੰ ਪਾਣੀ ਪੀਣ ਤੋਂ ਕਿਸਨੇ ਰੋਕਿਆ?<br>i) ਬੇਗਮ ਨੇ ii) ਬੀਰਬਲ ਨੇ<br>iii) ਰਸੋਈਏ ਨੇ iv) ਹਕੀਮ ਨੇ<br>ਸ. ਦਿੱਲੀ ਦਾ ਪ੍ਰਸਿੱਧ ਮੇਲਾ ਕਿਹੜਾ ਹੈ?<br>i) ਪੋਂਗਲ ii) ਫੂਲ ਵਾਲੋਂ ਕੀ ਸੈਰ<br>iii) ਲੋਹੜੀ iv) ਬਿਹੂ<br>ਹ. ਮਾਂ ਨੂੰ ਛੇਤੀ ਹੀ ਕੌਣ ਭੁੱਲ ਗਿਆ?<br>i) ਵੱਡਾ ii) ਬੀਬਾ<br>iii) ਪਿਤਾ iv) ਛੋਟਾ | 1x5=5 |

DoE, Delhi

| | | |
|---|---|---|
| | ਕ. ਸੋਹਣਾ ਸ਼ਿੰਗਾਰ ਕਰਕੇ ਕੌਣ ਆਇਆ ਹੈ?<br>i) ਕੁੜੀਆਂ ii) ਬਸੰਤ<br>iii) ਖੁਸ਼ੀਆਂ iv) ਬੱਦਲ<br>ਖ. ਰੋਨੀ ਪਿੰਡ ਵਿੱਚ ਕੌਣ ਆ ਗਿਆ?<br>i) ਵਪਾਰੀ ii) ਲੁਟੇਰੇ<br>iii) ਭੂਤ iv) ਲੱਕੜਹਾਰੇ | |
| 7. | ਹੇਠਾਂ ਪਾਠ-ਪੁਸਤਕ ਵਿੱਚੋਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।<br>ਵੱਡੀ ਭੈਣ ਨੇ ਮਾਵਾਂ ਵਰਗਾ ਪਿਆਰ ਉਹਨੂੰ ਦੇਣਾ ਸ਼ੁਰੂ ਕਰ ਦਿੱਤਾ। ਸਾਰਿਆਂ ਤੋਂ ਚੋਰੀ ਉਹਨੂੰ ਮੱਖਣ ਵਿੱਚ ਬਦਾਮਾਂ ਦੀਆਂ ਗਿਰੀਆਂ ਮਿਲਾ ਕੇ ਖੁਆਂਦੀ। ਆਪਣੇ ਹੱਥਾਂ ਨਾਲ ਉਸ ਦੇ ਲਈ ਖਿੱਦੋ-ਖੂੰਡੀ ਬਣਾ ਕੇ ਦਿੰਦੀ। ਸ਼ਾਮ ਨੂੰ ਗਰਮ ਪਾਣੀ ਨਾਲ ਉਹਦੇ ਹੱਥ-ਪੈਰ ਧੋ ਕੇ ਕਾੜ੍ਹਨੀ ਦੀ ਖੁਰਚਣ ਨਾਲ ਚੋਪੜਦੀ। ਛੋਟੇ ਵੱਲ ਕੋਈ ਉਂਗਲ ਕਰਦਾ ਤਾਂ ਮਰਨ-ਮਾਰਨ ਲਈ ਤਿਆਰ ਹੋ ਜਾਂਦੀ। ਉਹ ਸਕੂਲ ਜਾਣ ਲੱਗ ਪਿਆ।<br><br>ਪ੍ਰ- ਵੱਡੀ ਭੈਣ ਨੇ ਕੀ ਕਰਨਾ ਸ਼ੁਰੂ ਕਰ ਦਿੱਤਾ?<br>ਪ੍ਰ- ਮੱਖਣ ਵਿੱਚ ਬਦਾਮਾਂ ਦੀਆਂ ਗਿਰੀਆਂ ਮਿਲਾ ਕੇ ਕੌਣ ਖੁਆਉਂਦਾ?<br>ਪ੍ਰ- ਵੱਡੀ ਭੈਣ ਮਰਨ-ਮਾਰਨ ਲਈ ਤਿਆਰ ਕਿਉਂ ਹੋ ਜਾਂਦੀ ਸੀ?<br>ਪ੍ਰ- ਛੋਟਾ ਕਿੱਥੇ ਜਾਣ ਲੱਗ ਪਿਆ?<br>ਪ੍ਰ- ਉਪਰੋਕਤ ਪੈਰੇ ਵਿੱਚ ਕਿਸ ਖੇਡ ਦਾ ਜ਼ਿਕਰ ਆਇਆ ਹੈ? | 1x5=5 |
| 8. | ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਾਕ ਅੱਗੇ (√) ਅਤੇ ਗਲਤ ਵਾਕ ਅੱਗੇ (x) ਦਾ ਨਿਸ਼ਾਨ ਲਗਾਉ। (ਕੋਈ ਪੰਜ)<br><br>ੳ. ਲੱਕੜਹਾਰੇ ਜੰਗਲ ਦੀ ਸੈਰ ਕਰਨ ਆਏ ਸਨ।<br>ਅ. ਅਰੁਨਿਮਾ ਸਿਨਹਾ ਜਦ ਚਾਰ ਵਰਿਆਂ ਦੀ ਸੀ ਜਦੋਂ ਉਸਦੇ ਪਿਤਾ ਦਾ ਦੇਹਾਂਤ ਹੋ ਗਿਆ।<br>ੲ. ਅਕਬਰ ਨੂੰ ਪਿਆਸ ਨਹੀਂ ਲੱਗੀ ਸੀ।<br>ਸ. ਸੰਦੂਕੜੀ ਪੜਛੱਤੀ ਉੱਤੇ ਰੱਖੀ ਹੋਈ ਸੀ।<br>ਹ. ਆਲੋਕ ਨੂੰ ਦਸ ਰੁਪਏ ਦਾ ਨੋਟ ਲੱਭਿਆ ਸੀ।<br>ਕ. 'ਫੂਲ ਵਾਲੋਂ ਕੀ ਸੈਰ' ਮੇਲੇ ਦਾ ਸੰਬੰਧ ਮੁਗ਼ਲ ਕਾਲ ਨਾਲ ਹੈ।<br>ਖ. ਬਸੰਤ ਰੁੱਤ ਵਿੱਚ ਰੰਗ-ਬਿਰੰਗੇ ਫੁੱਲ ਖਿੜਦੇ ਹਨ। | 1x5=5 |
| 9. | ਮਿਲਾਨ ਕਰੋ।<br>ਭਾਗ- I ਭਾਗ- II | 1x5=5 |

DoE, Delhi

| | | |
|---|---|---|
| | ਫੂਲ ਵਾਲੋਂ ਕੀ ਸੈਰ ਰਾਣੀ<br>ਪੰਡਤ ਜਵਾਹਰ ਲਾਲ ਨਹਿਰੂ ਰਾਜਾ<br>ਅਕਬਰ ਸ਼ਾਹ ਦੂਜਾ ਫਕੀਰ<br>ਮੁਮਤਾਜ਼ ਮਹਿਲ ਮੇਲਾ<br>ਖੁਆਜਾ ਬਖਤਿਆਰ ਕਾਕੀ ਪ੍ਰਧਾਨ ਮੰਤਰੀ | |
| 10. | ਖਾਲੀ ਥਾਵਾਂ ਵਿੱਚ ਦਿੱਤੇ ਗਏ ਸਹੀ ਵਿਕਲਪ ਭਰੋ। (ਕੋਈ ਪੰਜ)<br>(ਦਰਬਾਰ, ਰੰਗ, ਅਭਿਆਸ, ਰੋਣ, ਕੇਂਦਰ, ਰੁੱਖ, ਸੱਦਣ)<br>ੳ. ਚਪੜਾਸੀ ਆਲੋਕ ਨੂੰ _________ ਆ ਗਿਆ।<br>ਅ. ਵੰਨ-ਸੁਵੰਨੇ ਫੁੱਲ ਲੋਕਾਂ ਦੀ ਖਿੱਚ ਦਾ ਮੁੱਖ __________ਹੁੰਦੇ ਹਨ।<br>ੲ. ਪੱਗਾਂ ਅਤੇ ਚੁੰਨੀਆਂ ਦੇ __________ ਪੀਲੇ ਹਨ।<br>ਸ. _________ ਤਾਂ ਪਰਉਪਕਾਰੀ ਹਨ।<br>ਹ. ਛੋਟੇ ਦੇ __________ ਦੀ ਆਵਾਜ਼ ਆਈ।<br>ਕ. ਅਕਬਰ _________ ਵਿੱਚ ਬੈਠਾ ਹੋਇਆ ਸੀ।<br>ਖ. ਅਰੂਨਿਮਾ ਸਿਨਹਾ ਨੇ ਵਾਰ-ਵਾਰ ਚੜ੍ਹਾਈ ਦਾ ____________ ਕੀਤਾ। | 1x5=5 |

DoE, Delhi